Department of Health & Social Care

# ਜਨਤਕ ਜਾਣਕਾਰੀ ਸਬੰਧੀ ਪੁਸਤਿਕਾ

# NHS (ਐੱਨ.ਐੱਚ.ਐੱਸ.) ਦੀ ਨਿਰੰਤਰ ਸਿਹਤ-ਸੰਭਾਲ ਅਤੇ NHS ਦੀ ਫੰਡ ਵਾਲੀ ਤੀਮਾਰਦਾਰੀ ਦੇਖਭਾਲ

**NHS ਦੀ ਨਿਰੰਤਰ ਸਿਹਤ-ਸੰਭਾਲ ਅਤੇ NHS ਦੀ ਫੰਡ ਵਾਲੀ ਤੀਮਾਰਦਾਰੀ ਦੇਖਭਾਲ**

ਪ੍ਰਕਾਸ਼ਤ ਦਸੰਬਰ 2018

| |
|---|
| **ਡੀ.ਐੱਚ. ਆਈ.ਡੀ. ਬਾਕਸ** |
| **ਸਿਰਲੇਖ: NHS ਦੀ ਨਿਰੰਤਰ ਸਿਹਤ-ਸੰਭਾਲ ਅਤੇ NHS ਦੀ ਫੰਡ ਵਾਲੀ ਤੀਮਾਰਦਾਰੀ ਦੇਖਭਾਲ** |
| **ਲੇਖਕ:**<br>ਐੱਸ.ਸੀ.ਐੱਲ.ਜੀ.ਸੀ.ਪੀ. - ਐੱਸ.ਸੀ.ਪੀ. (SCLGCP-SCP) 25370 |
| **ਦਸਤਾਵੇਜ਼ ਦਾ ਉਦੇਸ਼:**<br><br>ਜਨਤਕ ਜਾਣਕਾਰੀ ਸਬੰਧੀ ਪੁਸਤਿਕਾ |
| **ਪ੍ਰਕਾਸ਼ਤ ਕਰਨ ਦੀ ਤਾਰੀਖ਼:**<br><br>ਦਸੰਬਰ 2018 |
| **ਜਿਨ੍ਹਾਂ ਲੋਕਾਂ ਵਾਸਤੇ ਹੈ:**<br><br>ਆਮ ਲੋਕ<br>ਸਿਹਤ ਅਤੇ ਸਮਾਜਿਕ ਦੇਖਭਾਲ ਦੇ ਪੇਸ਼ੇਵਰ |
| **ਸੰਪਰਕ ਵੇਰਵੇ:**<br>NHS Continuing Healthcare and NHS-funded Nursing Care team<br>Department of Health and Social Care<br>39 Victoria Street<br>London SW1H 0EU |

ਤੁਸੀਂ ਖੁੱਲ੍ਹੇ ਸਰਕਾਰੀ ਲਾਇਸੈਂਸ ਦੀਆਂ ਸ਼ਰਤਾਂ ਤਹਿਤ ਕਿਸੇ ਵੀ ਫਾਰਮੇਟ ਜਾਂ ਮਾਧਿਅਮ ਵਿੱਚ ਬਗੈਰ ਖ਼ਰਚ ਤੋਂ ਇਸ ਦਸਤਾਵੇਜ਼ ਦੇ ਖ਼ਰੜੇ (ਜਿਸ ਵਿੱਚ ਲੋਗੋ ਸ਼ਾਮਲ ਨਹੀਂ ਹਨ) ਦੀ ਮੁੜ ਵਰਤੋਂ ਕਰ ਸਕਦੇ ਹੋ। ਇਸ ਲਾਇਸੈਂਸ ਨੂੰ ਦੇਖਣ ਲਈ www.nationalarchives.gov.uk/doc/open-government-licence/ ’ਤੇ ਜਾਓ

© ਕ੍ਰਾਊਨ ਕਾਪੀਰਾਈਟ 2016

gov.uk ਲਈ ਪ੍ਰਕਾਸ਼ਿਤ ਕੀਤਾ, ਸਿਰਫ PDF ਫਾਰਮੇਟ ਵਿੱਚ।
www.gov.uk/dh

# ਵਿਸ਼ਾ-ਸੂਚੀ

ਵਿਸ਼ਾ-ਸੂਚੀ ........ 3

ਭੂਮਿਕਾ ........ 4

NHS ਦੀ ਨਿਰੰਤਰ ਸਿਹਤ ਸੰਭਾਲ ........ 5

ਮੁਢਲੀ ਸਿਹਤ ਜ਼ਰੂਰਤ ........ 7

ਮੁਲਾਂਕਣ ........ 8

ਫਾਸਟ ਟਰੈਕ ਪਾਥਵੇਅ ਟੂਲ ........ 12

ਅਗਲੇ ਕਦਮ ........ 13

ਸਮੀਖਿਆਵਾਂ ........ 15

ਯੋਗਤਾ ਫੈਸਲੇ ਦੀ ਸਮੀਖਿਆ ਲਈ ਵਿਅਕਤੀਗਤ ਬੇਨਤੀਆਂ ........ 16

NHS ਦੀ ਫੰਡ ਵਾਲੀ ਤੀਮਾਰਦਾਰੀ ਦੇਖਭਾਲ ........ 17

# ਭੂਮਿਕਾ

**ਇਹ ਪੁਸਤਿਕਾ ਉਨ੍ਹਾਂ ਲੋਕਾਂ ਲਈ ਇੱਕ ਗਾਈਡ ਹੈ ਜਿਨ੍ਹਾਂ ਨੂੰ ਅਪਾਹਜਤਾ, ਹਾਦਸੇ ਜਾਂ ਬਿਮਾਰੀ ਦੇ ਨਤੀਜੇ ਵੱਜੋਂ ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ੇਵਰਾਂ ਤੋਂ ਨਿਰੰਤਰ ਦੇਖਭਾਲ ਅਤੇ ਸਹਾਇਤਾ ਦੀ ਲੋੜ ਪੈ ਸਕਦੀ ਹੈ। ਇਹ ਉਸ ਪ੍ਰਕਿਰਿਆ ਦੀ ਵਿਆਖਿਆ ਕਰਦੀ ਹੈ ਜਿਸ ਨੂੰ ਇਹ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ ਕਿ ਕੀ ਕੋਈ ਵਿਅਕਤੀ NHS ਦੀ ਨਿਰੰਤਰ ਸਿਹਤ-ਸੰਭਾਲ (ਜਿਸ ਦਾ ਜ਼ਿਕਰ ਅਕਸਰ NHS CHC ਜਾਂ ਮਹਿਜ਼ CHC ਵੱਜੋਂ ਕੀਤਾ ਜਾਂਦਾ ਹੈ) ਲਈ ਯੋਗਤਾ ਪੂਰੀ ਕਰਦਾ ਹੈ।**

ਅਸੀਂ ਇਹ ਗੱਲ ਮੰਨਦੇ ਹਾਂ ਕਿ ਨਿਰੰਤਰ ਦੇਖਭਾਲ ਲਈ ਫੰਡ ਦੇਣ ਦੇ ਇੰਤਜਾਮ ਗੁੰਝਲਦਾਰ ਅਤੇ ਬੇਹਦ ਸੰਵੇਦਨਸ਼ੀਲ ਹੋ ਸਕਦੇ ਹਨ ਅਤੇ ਅਕਸਰ ਵਿਅਕਤੀਆਂ ਦੀਆਂ ਜ਼ਿੰਦਗੀਆਂ ਦੇ ਬਹੁਤ ਹੀ ਅਨਿਸ਼ਚਿਤ ਪੜਾਅ ’ਤੇ ਅਸਰ ਪਾਉਂਦੇ ਹਨ। ਇਹ ਯਕੀਨੀ ਬਣਾਉਣ ਲਈ ਰਾਸ਼ਟਰੀ ਸੇਧ ਹੁੰਦੀ ਹੈ ਕਿ ਹਰੇਕ ਵਿਅਕਤੀ ਦੀ NHS ਦੀ ਨਿਰੰਤਰ ਸਿਹਤ-ਸੰਭਾਲ ਤੱਕ ਨਿਰਪੱਖ ਅਤੇ ਲਗਾਤਾਰ ਪਹੁੰਚ ਹੋਵੇ, ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਇੰਗਲੈਂਡ ਵਿੱਚ ਕਿੱਥੇ ਰਹਿੰਦੇ ਹਨ। ਇਹ ਸੇਧ, ਜਿਸ ਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਅਤੇ NHS ਦੀ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਰਾਸ਼ਟਰੀ ਢਾਂਚਾ (ਰਾਸ਼ਟਰੀ ਢਾਂਚਾ) ਕਿਹਾ ਜਾਂਦਾ ਹੈ, ਇਸ ਬਾਰੇ ਦੱਸਦੀ ਹੈ ਕਿ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਨੂੰ ਕਿਵੇਂ ਤੈਅ ਕੀਤਾ ਜਾਂਦਾ ਹੈ ਅਤੇ ਜ਼ਰੂਰਤਾਂ ਦਾ ਮੁਲਾਂਕਣ ਕਿਵੇਂ ਕਰਨਾ ਚਾਹੀਦਾ ਹੈ ਅਤੇ ਕਿਵੇਂ ਇਨ੍ਹਾਂ ਨੂੰ ਨਜਿੱਠਣਾ ਚਾਹੀਦਾ ਹੈ।

ਰਾਸ਼ਟਰੀ ਢਾਂਚੇ ਦੀ ਸਭ ਤੋਂ ਪਹਿਲਾਂ 2007 ਵਿੱਚ ਸ਼ੁਰੂਆਤ ਕੀਤੀ ਗਈ ਸੀ ਅਤੇ 2018 ਵਿੱਚ ਸਭ ਤੋਂ ਹਾਲ ਹੀ ਵਿੱਚ ਇਸ ਨੂੰ ਤਾਜ਼ਾ ਰੂਪ ਦਿੱਤਾ ਗਿਆ ਸੀ। ਰਾਸ਼ਟਰੀ ਢਾਂਚੇ ਲਈ 2018 ਦੀਆਂ ਕਿਸੇ ਵੀ ਸੋਧਾਂ ਅਤੇ ਸਪਸ਼ਟੀਕਰਨਾਂ ਦਾ ਇਰਾਦਾ NHS ਦੀ ਨਿਰੰਤਰ ਸਿਹਤ-ਸੰਭਾਲ ਦੇ ਯੋਗਤਾ ਮਾਪਦੰਡ, ਜਾਂ ਇਸ ਤੱਕ ਪਹੁੰਚ ਕਰਨ ਵਿੱਚ ਤਬਦੀਲੀ ਲਿਆਉਣਾ ਨਹੀਂ ਹੈ। ਇਹ ਪੁਸਤਿਕਾ 2018 ਵਿੱਚ ਰਾਸ਼ਟਰੀ ਢਾਂਚੇ ਨੂੰ ਨਵਾਂ ਰੂਪ ਦੇਣ ਸਮੇਂ ਕੀਤੀਆਂ ਤਬਦੀਲੀਆਂ ਬਾਰੇ ਸੋਚ-ਵਿਚਾਰ ਕਰਦਾ ਹੈ।

## ਆਮ ਲਘੂ-ਸ਼ਬਦ

**CHC (ਜਾਂ NHS CHC)** = NHS ਦੀ ਨਿਰੰਤਰ -ਸਿਹਤ-ਸੰਭਾਲ

**DST** = ਫੈਸਲੇ ਲਈ ਸਹਾਇਤਾ ਸਾਧਨ

**FNC** = NHS ਦੀ ਫੰਡ ਵਾਲੀ ਤੀਮਾਰਦਾਰੀ ਦੇਖਭਾਲ

**CCG** = ਕਲਿਨਿਕਲ ਕਮਿਸ਼ਨਿੰਗ ਗਰੁੱਪ

**MDT** = ਬਹੁ-ਵਿਸ਼ਿਆਂ ਵਾਲੀ ਟੀਮ

# NHS ਦੀ ਨਿਰੰਤਰ ਸਿਹਤ-ਸੰਭਾਲ

## NHS ਦੀ ਨਿਰੰਤਰ ਸਿਹਤ-ਸੰਭਾਲ ਕੀ ਹੈ?

NHS ਦੀ ਨਿਰੰਤਰ ਸਿਹਤ-ਸੰਭਾਲ ਦਾ ਅਰਥ ਦੇਖਭਾਲ ਦਾ ਨਿਰੰਤਰ ਪੈਕੇਜ ਹੈ ਜਿਸ ਦਾ ਇੰਤਜਾਮ ਅਤੇ ਵਿੱਤੀ-ਸਹਾਇਤਾ ਸਿਰਫ ਨੈਸ਼ਨਲ ਹੈਲਥ ਸਰਵਿਸ (NHS) ਵੱਲੋਂ ਉਚੇਚੇ ਤੌਰ ’ਤੇ ਮੁਕਾਬਲਤਨ ਥੋੜ੍ਹੀ ਗਿਣਤੀ ਵਿੱਚ ਵਿਅਕਤੀਆਂ (ਜਿਨ੍ਹਾਂ ਦੀ ਜ਼ਰੂਰਤ ਦੇ ਪੱਧਰ ਬਹੁਤ ਜ਼ਿਆਦਾ ਹੁੰਦੇ ਹਨ) ਲਈ ਕੀਤਾ ਜਾਂਦਾ ਹੈ ਜਿਨ੍ਹਾਂ ਬਾਰੇ ਪਤਾ ਲਗਾਇਆ ਜਾਂਦਾ ਹੈ ਕਿ ਉਨ੍ਹਾਂ ਦੀ ‘ਮੁਢਲੀ ਸਹਾਇਤਾ ਜ਼ਰੂਰਤ’ ਹੈ (ਹੇਠਾਂ ਮੁਢਲੀ ਸਿਹਤ ਜ਼ਰੂਰਤ ਵਾਲੇ ਭਾਗ ਵਿੱਚ ਜ਼ਿਆਦਾ ਜਾਣਕਾਰੀ ਦੇਖੋ)। ਅਜਿਹੀ ਦੇਖਭਾਲ 18 ਸਾਲ ਜਾਂ ਇਸ ਤੋਂ ਜ਼ਿਆਦਾ ਉਮਰ ਵਾਲੇ ਵਿਅਕਤੀ ਲਈ ਸਿਹਤ ਅਤੇ ਸਬੰਧਤ ਸਮਾਜਿਕ ਦੇਖਭਾਲ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੁਹੱਈਆ ਕੀਤੀ ਜਾਂਦੀ ਹੈ ਜੋ ਅਪਾਹਜਤਾ, ਹਾਦਸੇ ਜਾਂ ਬਿਮਾਰੀ ਦੇ ਨਤੀਜੇ ਵੱਜੋਂ ਉਤਪੰਨ ਹੋਈਆਂ ਹਨ।

NHS ਦੀ ਨਿਰੰਤਰ ਸਿਹਤ-ਸੰਭਾਲ ਮੁਫ਼ਤ ਹੈ, ਜੋ ਲੋਕਲ ਅਥਾਰਟੀਆਂ ਵੱਲੋਂ ਮੁਹੱਈਆ ਕੀਤੀ ਜਾਂਦੀ ਸਿਹਤ-ਸੰਭਾਲ ਤੋਂ ਵੱਖਰੀ ਹੁੰਦੀ ਹੈ, ਜਿਸ ਵਿੱਚ ਇੱਕ ਵਿਅਕਤੀ ਨੂੰ ਆਮਦਨ ਅਤੇ ਬੱਚਤਾਂ ਦੇ ਆਧਾਰ ’ਤੇ ਵਿੱਤੀ ਯੋਗਦਾਨ ਪਾਉਣਾ ਸ਼ਾਮਲ ਹੁੰਦਾ ਹੈ। ਕਿਸੇ ਵਿਅਕਤੀ, ਜੋ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦਾ ਹੈ, ਲਈ ਸਹਾਇਤਾ ਦੇ ਢੁਕਵੇਂ ਪੈਕੇਜ ਬਾਰੇ ਫੈਸਲਾ ਕਰਨ ਦੀ ਜ਼ਿੰਮੇਵਾਰੀ ਕਲਿਨਿਕਲ ਕਮਿਸ਼ਨਿੰਗ ਗਰੁੱਪ (CCG) ਦੀ ਹੁੰਦੀ ਹੈ।

## NHS ਦੀ ਨਿਰੰਤਰ ਸਿਹਤ-ਸੰਭਾਲ ਲਈ ਕੌਣ ਯੋਗਤਾ ਪੂਰੀ ਕਰਦਾ ਹੈ?

18 ਸਾਲ ਤੋਂ ਵੱਧ ਉਮਰ ਵਾਲੇ ਉਹ ਵਿਅਕਤੀ ਜਿਨ੍ਹਾਂ ਦਾ ਮੁਲਾਂਕਣ ’ਮੁਢਲੀ ਸਹਾਇਤਾ ਜ਼ਰੂਰਤ’ ਹੋਣ ਵੱਜੋਂ ਕੀਤਾ ਗਿਆ ਹੈ NHS ਦੀ ਨਿਰੰਤਰ ਸਿਹਤ-ਸੰਭਾਲ ਪ੍ਰਾਪਤ ਕਰਨ ਦੇ ਹੱਕਦਾਰ ਹੁੰਦੇ ਹਨ। NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਕਿਸੇ ਖਾਸ ਬਿਮਾਰੀ, ਰੋਗ ਦੀ ਪਹਿਚਾਣ (ਡਾਇਗਨੋਸਿਜ਼), ਜਾਂ ਸਿਹਤ-ਸਮੱਸਿਆ ਉੱਤੇ ਨਿਰਭਰ ਨਹੀਂ ਹੁੰਦੀ, ਨਾ ਹੀ ਇਸ ਗੱਲ ’ਤੇ ਹੁੰਦੀ ਹੈ ਕਿ ਦੇਖਭਾਲ ਕੌਣ ਕਰਦਾ ਹੈ ਅਤੇ ਦੇਖਭਾਲ ਕਿੱਥੇ ਮੁਹੱਈਆ ਕੀਤੀ ਜਾਂਦੀ ਹੈ।

## ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਕਿਵੇਂ ਯੋਗਤਾ ਪੂਰੀ ਕਰਦੇ ਹੋ?

ਜਾਂਚ-ਸੂਚੀ ਦੇ ਨਾਲ ਇੱਕ ਸਕਰੀਨਿੰਗ ਪ੍ਰਕਿਰਿਆ ਹੁੰਦੀ ਹੈ ਜਿਸ ਤੋਂ ਬਾਅਦ ਯੋਗਤਾ ਲਈ ਇੱਕ ਮੁਕੰਮਲ ਮੁਲਾਂਕਣ ਕੀਤਾ ਜਾਂਦਾ ਹੈ ਜੋ ਇਹ ਨਿਰਧਾਰਨ ਕਰਨ ਵਿੱਚ ਮਦਦ ਕਰਦਾ ਹੈ ਕਿ ਕੀ ਕੋਈ ਵਿਅਕਤੀ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦਾ ਹੈ ਜਾਂ ਨਹੀਂ। ਇਨ੍ਹਾਂ ਪ੍ਰਕਿਰਿਆਵਾਂ ਬਾਰੇ ਜ਼ਿਆਦਾ ਜਾਣਕਾਰੀ ਇਸ ਪੁਸਤਿਕਾ ਵਿੱਚ ਬਾਅਦ ਵਿੱਚ ਦੇਖੀ ਜਾ ਸਕਦੀ ਹੈ।

## ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਕਿੱਥੋਂ ਕਰਵਾ ਸਕਦੇ ਹੋ?

ਤੁਸੀਂ ਕਿਸੇ ਵੀ ਜਗ੍ਹਾ (ਐਕਿਊਟ ਹਸਪਤਾਲਾਂ ਨੂੰ ਛੱਡ ਕੇ) ਵਿੱਚ NHS ਦੀ ਨਿਰੰਤਰ ਸਿਹਤ-ਸੰਭਾਲ ਕਰਵਾ ਸਕਦੇ ਹੋ - ਜਿਸ ਵਿੱਚ ਤੁਹਾਡਾ ਆਪਣਾ ਘਰ ਜਾਂ ਕੇਅਰ ਹੋਮ ਸ਼ਾਮਲ ਹਨ। ਜੇਕਰ ਤੁਹਾਨੂੰ ਆਪਣੇ ਖੁਦ ਦੇ ਘਰ ਵਿੱਚ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗ ਪਾਇਆ ਜਾਂਦਾ ਹੈ, ਤਾਂ NHS ਤੁਹਾਡੀਆਂ ਮੁਲਾਂਕਣ ਕੀਤੀਆਂ ਸਿਹਤ ਅਤੇ ਸਬੰਧਤ ਸਮਾਜਿਕ ਦੇਖਭਾਲ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੇਖਭਾਲ ਅਤੇ ਸਹਾਇਤਾ ਪੈਕੇਜ ਲਈ ਭੁਗਤਾਨ ਕਰੇਗੀ। ਜੇਕਰ ਤੁਹਾਨੂੰ ਕੇਅਰ ਹੋਮ ਵਿੱਚ NHS ਦੀ ਨਿਰੰਤਰ ਸਿਹਤ-ਸੰਭਾਲ ਕਰਵਾਉਣ ਲਈ ਯੋਗ ਪਾਇਆ ਜਾਂਦਾ ਹੈ, ਤਾਂ NHS ਤੁਹਾਡੇ ਰਹਿਣ ਅਤੇ ਰਿਹਾਇਸ਼ ਸਮੇਤ, ਕੇਅਰ ਹੋਮ ਦੀਆਂ ਫੀਸਾਂ ਲਈ ਭੁਗਤਾਨ ਕਰੇਗੀ।

## ਕੀ ਮੈਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਭੁਗਤਾਨ ਕਰਨਾ ਪਏਗਾ?

ਨਹੀਂ। ਮੁਹੱਈਆ ਕੀਤੇ NHS ਕੇਅਰ ਪੈਕੇਜ ਨੂੰ ਤੁਹਾਡੀ ਦੇਖਭਾਲ ਯੋਜਨਾ ਵਿੱਚ ਪਹਿਚਾਣ ਕੀਤੇ ਅਨੁਸਾਰ ਤੁਹਾਡੀ ਸਿਹਤ ਅਤੇ ਸਬੰਧਤ ਸਮਾਜਿਕ ਦੇਖਭਾਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਦੇਖਭਾਲ ਯੋਜਨਾ ਨੂੰ ਉਨ੍ਹਾਂ ਸੇਵਾਵਾਂ ਬਾਰੇ ਦੱਸਣਾ ਚਾਹੀਦਾ ਹੈ ਜਿਨ੍ਹਾਂ ਲਈ NHS ਵੱਲੋਂ ਫੰਡ ਦਿੱਤੇ ਜਾਂਦੇ ਹਨ ਅਤੇ/ਜਾਂ ਜੋ ਉਨ੍ਹਾਂ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਕੁਝ ਹਾਲਾਤ ਵਿੱਚ ਤੁਸੀਂ ਵਧੀਕ ਨਿੱਜੀ ਦੇਖਭਾਲ ਸੇਵਾਵਾਂ ਖ਼ਰੀਦਣ ਦੇ ਇੱਛੁਕ ਹੋ ਸਕਦੇ ਹੋ, ਪਰ ਫੈਸਲਾ ਲਾਜ਼ਮੀ ਤੌਰ ’ਤੇ ਸਵੈ-ਇੱਛੁਕ ਹੋਣਾ ਚਾਹੀਦਾ ਹੈ। ਕੋਈ ਵੀ ਵਧੀਕ ਸੇਵਾਵਾਂ ਜਿਨ੍ਹਾਂ ਨੂੰ ਖ਼ਰੀਦਣ ਦੀ ਤੁਸੀਂ ਚੋਣ ਕਰਦੇ ਹੋ ਉਨ੍ਹਾਂ ਨੂੰ ਮੁਲਾਂਕਣ ਕੀਤੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਨਾ ਚਾਹੀਦਾ ਜਿਸ ਲਈ CCG ਜ਼ਿਮੇਵਾਰ ਹੁੰਦਾ ਹੈ।

## ਕੀ NHS ਦੀ ਨਿਰੰਤਰ ਸਿਹਤ-ਸੰਭਾਲ ਹਮੇਸ਼ਾ ਲਈ ਰਹਿੰਦੀ ਹੈ?

ਜ਼ਰੂਰੀ ਨਹੀਂ ਹੁੰਦਾ। ਇੱਕ ਵਾਰੀ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਨ ’ਤੇ, ਤੁਹਾਡੀ ਦੇਖਭਾਲ ਲਈ NHS ਵੱਲੋਂ ਫੰਡ ਦਿੱਤੇ ਜਾਣਗੇ।

ਆਮ ਤੌਰ ’ਤੇ ਤਿੰਨ ਮਹੀਨਿਆਂ ਬਾਅਦ, ਅਤੇ ਇਸ ਤੋਂ ਬਾਅਦ ਹਰੇਕ ਬਾਰਾਂ ਮਹੀਨਿਆਂ ਬਾਅਦ ਤੁਹਾਡੀ ਦੇਖਭਾਲ ਪੈਕੇਜ ਦੀ ਸਮੀਖਿਆ ਹੋਣੀ ਚਾਹੀਦੀ ਹੈ। ਇਨ੍ਹਾਂ ਸਮੀਖਿਆਵਾਂ ਦਾ ਧਿਆਨ ਇਸ ਗੱਲ ਵੱਲ ਕੇਂਦਰਤ ਹੋਣਾ ਚਾਹੀਦਾ ਹੈ ਕਿ ਕੀ ਤੁਹਾਡੀ ਦੇਖਭਾਲ ਯੋਜਨਾ ਜਾਂ ਇੰਤਜਾਮ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਢੁਕਵੇਂ ਬਣੇ ਰਹਿੰਦੇ ਹਨ।

ਜੇਕਰ ਤੁਹਾਡੀਆਂ ਜ਼ਰੂਰਤਾਂ ਇਸ ਹੱਦ ਤੱਕ ਬਦਲ ਗਈਆਂ ਹਨ ਕਿ ਉਹ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਤੁਹਾਡੀ ਯੋਗਤਾ ਉੱਤੇ ਅਸਰ ਪੈ ਸਕਦੀ ਹੈ, ਤਾਂ ਫੇਰ CCG ਯੋਗਤਾ ਲਈ ਮੁਕੰਮਲ ਮੁੜ-ਮੁਲਾਂਕਣ ਲਈ ਇੰਤਜਾਮ ਕਰ ਸਕਦਾ ਹੈ। ਇਸ ਦਾ ਅਰਥ ਤੁਹਾਡੇ ਫੰਡਿੰਗ ਇੰਤਜਾਮ ਬਦਲ ਸਕਦੇ ਹਨ, ਕਿਉਂ NHS ਦੀ ਨਿਰੰਤਰ ਸਿਹਤ-ਸੰਭਾਲ ਸਿਹਤ-ਸਮੱਸਿਆ ਅਤੇ/ਜਾਂ ਰੋਗ ਦੀ ਪਹਿਚਾਣ ਦੀ ਆਧਾਰ ਦੀ ਬਜਾਏ ਜ਼ਰੂਰਤਾਂ ’ਤੇ ਅਧਾਰਤ ਹੁੰਦੀ ਹੈ (ਹੇਠਾਂ ‘ਸਮੀਖਿਆ’ ਭਾਗ ਵਿੱਚ ਜ਼ਿਆਦਾ ਜਾਣਕਾਰੀ ਦੇਖੋ।)

# ਮੁਢਲੀ ਸਿਹਤ ਜ਼ਰੂਰਤ

'ਮੁਢਲੀ ਸਿਹਤ ਜ਼ਰੂਰਤ' ਦੀ ਧਾਰਨਾ ਇਹ ਨਿਰਧਾਰਨ ਕਰਨ ਵਿੱਚ ਮਦਦ ਕਰਦੀ ਹੈ ਕਿ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ NHS ਵੱਲੋਂ ਮੁਹੱਈਆ ਕੀਤੇ ਜਾਣ ਲਈ ਕਿਹੜੀਆਂ ਸਿਹਤ ਸੇਵਾਵਾਂ ਢੁਕਵੀਆਂ ਹੁੰਦੀਆਂ ਹਨ, ਕਿਹੜੀਆਂ ਸੇਵਾਵਾਂ ਲੋਕਲ ਅਥਾਰਟੀ ਮੁਹੱਈਆ ਕਰ ਸਕਦੀ ਹੈ। ਅਸੀਂ ਇਹ ਗੱਲ ਮੰਨਦੇ ਹਾਂ ਕਿ ਇਹ ਧਾਰਨਾ ਸਰਲ ਨਹੀਂ ਹੁੰਦੀ। ਪਰ, ਇਹ ਫੈਸਲਾ ਕਰਨ ਲਈ ਕਿ ਕੀ ਤੁਹਾਡੀ ਮੁਢਲੀ ਸਿਹਤ ਜ਼ਰੂਰਤ ਹੈ ਜਾਂ ਨਹੀਂ, ਯੋਗਤਾ ਦਾ ਮੁਲਾਂਕਣ ਕੀਤਾ ਜਾਵੇਗਾ ਜੋ ਚਾਰ ਮੁੱਖ ਵਿਸ਼ੇਸ਼ਤਾਵਾਂ ਦੇ ਸਬੰਧ ਵਿੱਚ ਤੁਹਾਡੀਆਂ ਸਬੰਧਤ ਜ਼ਰੂਰਤਾਂ ਦੀ ਸਮੁੱਚਤਾ ਬਾਰੇ ਵਿਚਾਰ ਕਰਦਾ ਹੈ:

- **ਕਿਸਮ**: ਇਹ ਤੁਹਾਡੀਆਂ ਜ਼ਰੂਰਤਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਕਿਸਮ ਅਤੇ ਇਨ੍ਹਾਂ ਜ਼ਰੂਰਤਾਂ ਦੇ ਤੁਹਾਡੇ ਉੱਤੇ ਸਮੁੱਚੇ ਅਸਰ ਬਾਰੇ ਵਰਨਣ ਕਰਦੀ ਹੈ, ਜਿਸ ਵਿੱਚ ਉਨ੍ਹਾਂ ਨੂੰ ਨਜਿੱਠਣ ਲਈ ਲੋੜੀਂਦੇ ਦਖਲ ਦੀ ਕਿਸਮ ਸ਼ਾਮਲ ਹੈ।
- **ਤੀਬਰਤਾ**: ਇਹ ਤੁਹਾਡੀਆਂ ਜ਼ਰੂਰਤਾਂ ਦੀ ਹੱਦ ਅਤੇ ਗੰਭੀਰਤਾ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਸਹਾਇਤਾ ਹੈ, ਜਿਸ ਵਿੱਚ ਨਿਰੰਤਰ/ਜਾਰੀ ਦੇਖਭਾਲ ਲਈ ਜ਼ਰੂਰਤ ਸ਼ਾਮਲ ਹੈ
- **ਜਟਿਲਤਾ**: ਇਹ ਇਸ ਬਾਰੇ ਹੈ ਕਿ ਕਿਵੇਂ ਤੁਹਾਡੀਆਂ ਜ਼ਰੂਰਤਾਂ ਪੇਸ਼ ਹੁੰਦੀਆਂ ਹਨ ਅਤੇ ਪਰਸਪਰ-ਅਸਰ ਪਾਉਂਦੀਆਂ ਹਨ ਅਤੇ ਲੱਛਣਾਂ ਦੀ ਨਿਗਰਾਨੀ ਕਰਨ, ਸਿਹਤ-ਸਮੱਸਿਆ(ਵਾਂ) ਦਾ ਇਲਾਜ ਕਰਨ ਅਤੇ/ਜਾਂ ਦੇਖਭਾਲ ਨੂੰ ਨਜਿੱਠਣ ਲਈ ਕੀ ਪੱਧਰ ਹੁੰਦਾ ਹੈ।
- **ਗ਼ੈਰ-ਅਨੁਮਾਨਯੋਗਤਾ**: ਇਹ ਉਸ ਹੱਦ ਦਾ ਵਰਨਣ ਕਰਦੀ ਹੈ ਜਿਸ ਅਨੁਸਾਰ ਤੁਹਾਡੀਆਂ ਜ਼ਰੂਰਤਾਂ ਘਟਦੀਆਂ ਵਧਦੀਆਂ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਨਜਿੱਠਣ ਲਈ ਚੁਣੌਤੀ ਪੇਸ਼ ਕਰਦੀਆਂ ਹਨ, ਜਿਸ ਵਿੱਚ ਢੁਕਵੀਂ ਅਤੇ ਸਮੇਂ-ਸਿਰ ਮੁਹੱਈਆ ਨਾ ਕੀਤੀ ਦੇਖਭਾਲ ਲਈ ਤੁਹਾਡੀ ਸਿਹਤ ਲਈ ਜੋਖਮ ਸ਼ਾਮਲ ਹੁੰਦੇ ਹਨ।

ਜੇਕਰ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਤੁਹਾਡੀ ਮੁਢਲੀ ਸਿਹਤ ਜ਼ਰੂਰਤ ਹੈ, ਤਾਂ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰੋਗੇ।

ਤੁਸੀਂ ਰਾਸ਼ਟਰੀ ਢਾਂਚੇ (ਪੈਰਾਗਰਾਫ 54-66) ਵਿੱਚ ਆਪਣੀ ਮੁਢਲੀ ਸਿਹਤ ਜ਼ਰੂਰਤ ਬਾਰੇ ਜ਼ਿਆਦਾ ਜਾਣਕਾਰੀ ਪੜ੍ਹ ਸਕਦੇ ਹੋ।

# ਮੁਲਾਂਕਣ

## ਇਹ ਫੈਸਲੇ ਕਰਨੇ ਕਿ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਕੌਣ ਯੋਗਤਾ ਪੂਰੀ ਕਰਦਾ ਹੈ।

ਯੋਗਤਾ ਲਈ ਮੁਲਾਂਕਣ ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ਵਿਅਕਤੀ-ਕੇਂਦਰਤ ਹੋਣੀ ਚਾਹੀਦੀ ਹੈ। ਇਸ ਦਾ ਅਰਥ ਹੈ ਕਿ ਤੁਹਾਨੂੰ ਮੁਲਾਂਕਣ ਅਤੇ ਦੇਖਭਾਲ ਯੋਜਨਾ ਦੀ ਪ੍ਰਕਿਰਿਆ ਦੇ ਕੇਂਦਰ ਵਿੱਚ ਰੱਖਣਾ ਚਾਹੀਦਾ ਹੈ।

ਇਸ ਦਾ ਅਰਥ ਇਹ ਯਕੀਨੀ ਬਣਾਉਣਾ ਵੀ ਹੁੰਦਾ ਹੈ ਕਿ ਤੁਹਾਡੇ ਕੋਲ ਮੁਲਾਂਕਣ ਪ੍ਰਕਿਰਿਆ ਵਿੱਚ ਪੂਰੀ ਭੂਮਿਕਾ ਨਿਭਾਉਣ ਦਾ ਮੌਕਾ ਹੋਵੇ ਅਤੇ ਜਿੱਥੇ ਜ਼ਰੂਰਤ ਹੁੰਦੀ ਹੈ ਉੱਥੇ ਅਜਿਹਾ ਕਰਨ ਲਈ ਸਹਾਇਤਾ ਮਿਲੇ। ਤੁਸੀਂ ਇੱਕ ਦੋਸਤ ਜਾਂ ਰਿਸ਼ਤੇਦਾਰ ਨੂੰ ਆਪਣੇ ਪ੍ਰਤੀਨਿਧੀ ਵੱਜੋਂ ਕਾਰਵਾਈ ਕਰਨ ਅਤੇ ਤੁਹਾਡੇ ਵਿਚਾਰਾਂ ਦੀ ਵਿਆਖਿਆ ਕਰਨ ਵਿੱਚ ਮਦਦ ਕਰਨ ਲਈ ਕਹਿ ਕੇ ਅਜਿਹਾ ਕਰ ਸਕਦੇ ਹੋ।
NHS ਦੀ ਨਿਰੰਤਰ ਸਿਹਤ-ਸੰਭਾਲ ਲਈ ਮੁਕੰਮਲ ਮੁਲਾਂਕਣ ਪ੍ਰਕਿਰਿਆ ਵਿੱਚ ਦੋ ਕਦਮ ਸ਼ਾਮਲ ਹੁੰਦੇ ਹਨ: ਜਾਂਚ-ਸੂਚੀ ਵਾਲੇ ਸਾਧਨ ਦੀ ਵਰਤੋਂ ਕਰਦਿਆਂ ਸਕਰੀਨਿੰਗ ਅਤੇ ਫੈਸਲੇ ਲਈ ਸਹਾਇਤਾ ਸਾਧਨ ਦੀ ਵਰਤੋਂ ਕਰਦੀਆਂ ਯੋਗਤਾ ਦਾ ਮੁਕੰਮਲ ਮੁਲਾਂਕਣ (ਫਾਸਟ ਟਰੈਕ ਪ੍ਰਕਿਰਿਆ ਬਾਰੇ ਜਾਣਕਾਰੀ ਲਈ 12ਵਾਂ ਸਫ਼ਾ ਦੇਖੋ)।

## ਜਾਂਚ-ਸੂਚੀ ਵਾਲੇ ਸਾਧਨ ਦੀ ਵਰਤੋਂ ਕਰਦਿਆਂ ਸਕਰੀਨਿੰਗ

ਜ਼ਿਆਦਾਤਰ ਵਿਅਕਤੀਆਂ ਲਈ ਮੁਲਾਂਕਣ ਪ੍ਰਕਿਰਿਆ ਦਾ ਪਹਿਲਾ ਕਦਮ ਜਾਂਚ-ਸੂਚੀ ਸਾਧਨ ਦੀ ਵਰਤੋਂ ਕਰਦਿਆਂ ਸਕਰੀਨਿੰਗ ਦਾ ਹੁੰਦਾ ਹੈ। ਜਾਂਚ-ਸੂਚੀ ਨੂੰ ਵੱਖ-ਵੱਖ ਸੈਟਿੰਗਾਂ ਵਿੱਚ ਪ੍ਰੈਕਟੀਸ਼ਨਰਾਂ ਦੀ ਉਨ੍ਹਾਂ ਲੋਕਾਂ ਦੀ ਪਹਿਚਾਣ ਕਰਨ ਲਈ ਵਰਤਿਆ ਜਾ ਸਕਦਾ ਹੈ ਜਿਨ੍ਹਾਂ ਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਵਾਸਤੇ ਮੁਕੰਮਲ ਮੁਲਾਂਕਣ ਦੀ ਲੋੜ ਪੈ ਸਕਦੀ ਹੈ।

ਜਾਂਚ-ਸੂਚੀ ਇਸ ਬਾਰੇ ਨਹੀਂ ਦੱਸਦੀ ਕਿ ਕੀ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦੇ ਹੋ, ਸਿਰਫ ਇਸ ਬਾਰੇ ਦੱਸਦੀ ਹੈ ਕਿ ਕੀ ਤੁਹਾਨੂੰ ਯੋਗਤਾ ਦੇ ਮੁਕੰਮਲ ਮੁਲਾਂਕਣ ਦੀ ਲੋੜ ਹੈ (ਜਾਂ ਨਹੀਂ)। ਇਸ ਬਾਰੇ ਪਤਾ ਹੋਣਾ ਮਹੱਤਵਪੂਰਨ ਹੈ ਕਿ ਜ਼ਿਆਦਾਤਰ ਵਿਅਕਤੀ ਜੋ 'ਸਕਰੀਨ ਇਨ' ਹੁੰਦੇ ਹਨ (ਜਿਨ੍ਹਾਂ ਦੀ 'ਸਾਕਾਰਾਤਮਕ ਜਾਂਚ-ਸੂਚੀ' ਹੁੰਦੀ ਹੈ) ਉਨ੍ਹਾਂ ਨੂੰ ਮੁਕੰਮਲ ਮੁਲਾਂਕਣ ਪੂਰਾ ਹੋਣ ਤੋਂ ਬਾਅਦ ਯੋਗ ਨਹੀਂ ਪਾਇਆ ਜਾਂਦਾ।

ਜਾਂਚ-ਸੂਚੀ ਦੇ ਪ੍ਰਵੇਸ਼ ਆਧਾਰ ਨੂੰ ਜਾਣ-ਬੁਝ ਕੇ ਘੱਟ ਰੱਖਿਆ ਜਾਂਦਾ ਹੈ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਜਿਨ੍ਹਾਂ ਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦੇ ਮੁਲਾਂਕਣ ਦੀ ਲੋੜ ਹੈ ਉਨ੍ਹਾਂ ਕੋਲ ਇਹ ਮੌਕਾ ਹੁੰਦਾ ਹੈ।

## ਜਾਂਚ-ਸੂਚੀ ਕਦੋਂ ਪੂਰੀ ਕੀਤੀ ਜਾਣੀ ਚਾਹੀਦੀ ਹੈ?

NHS ਦੀ ਨਿਰੰਤਰ ਸਿਹਤ-ਸੰਭਾਲ ਲਈ ਸਕਰੀਨਿੰਗ ਤੁਹਾਡੇ ਲਈ ਸਹੀ ਸਮੇਂ ਅਤੇ ਜਗ੍ਹਾ 'ਤੇ ਹੋਣੀ ਚਾਹੀਦੀ ਹੈ ਅਤੇ ਜਦੋਂ ਤੁਹਾਡੀਆਂ ਜਾਰੀ ਲੋੜਾਂ ਬਾਰੇ ਪਤਾ ਹੁੰਦਾ ਹੈ। ਜਾਂਚ-ਸੂਚੀ ਉਸ ਸਮੇਂ ਪੂਰੀ ਕੀਤੀ ਜਾ ਸਕਦੀ ਹੈ ਜਦੋਂ ਤੁਸੀਂ ਹਸਪਤਾਲ ਵਿੱਚ ਜਾਂ ਭਾਈਚਾਰਕ ਜਗ੍ਹਾ ਵਿੱਚ ਹੁੰਦੇ ਹੋ।

ਜਾਂਚ-ਸੂਚੀ ਪੂਰੀ ਕੀਤੇ ਜਾਣ ਸਮੇਂ ਤੁਹਾਨੂੰ ਆਮ ਤੌਰ 'ਤੇ, ਤੁਹਾਡੇ ਕਿਸੇ ਵੀ ਪ੍ਰਤੀਨਿਧੀ ਨਾਲ, ਹਾਜ਼ਰ ਹੋਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਹਰੇਕ ਵਿਅਕਤੀ ਨੂੰ ਜਾਂਚ-ਸੂਚੀ ਪੂਰੀ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਿੱਥੇ ਜਾਂਚ-ਸੂਚੀ ਪੂਰੀ ਕਰਨ ਦੀ ਲੋੜ ਨਹੀਂ ਹੈ, ਖਾਸ ਤੌਰ 'ਤੇ ਜਿੱਥੇ ਇਸ ਬਾਰੇ ਕੋਈ ਸੁਝਾਅ ਨਹੀਂ ਹੁੰਦਾ ਕਿ ਤੁਹਾਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਦੀ ਲੋੜ ਪੈ ਸਕਦੀ ਹੈ ਜਾਂ ਜਿੱਥੇ ਤੁਸੀਂ ਥੋੜ੍ਹੇ ਸਮੇਂ ਦੀ ਬਿਮਾਰੀ ਤੋਂ ਠੀਕ ਹੋ ਰਹੇ ਹੁੰਦੇ ਹੋ ਅਤੇ ਤੁਹਾਡੀਆਂ ਲੰਬੇ ਸਮੇਂ ਦੀਆਂ ਜ਼ਰੂਰਤਾਂ ਅਜੇ ਸਪਸ਼ਟ ਨਹੀਂ ਹੁੰਦੀਆਂ।

## ਜਾਂਚ-ਸੂਚੀ ਦੇ ਨਤੀਜੇ

ਜਾਂਚ-ਸੂਚੀ ਦੇ ਪੂਰਾ ਹੋਣ ਤੋਂ ਬਾਅਦ ਦੋ ਸੰਭਾਵੀ ਨਤੀਜੇ ਹੁੰਦੇ ਹਨ:

- ਇੱਕ **ਨਾਕਾਰਾਤਮਕ** ਜਾਂਚ-ਸੂਚੀ ਦਾ ਅਰਥ ਹੁੰਦਾ ਹੈ ਕਿ ਤੁਹਾਨੂੰ ਯੋਗਤਾ ਦੇ ਮੁਕੰਮਲ ਮੁਲਾਂਕਣ ਦੀ ਲੋੜ ਨਹੀਂ ਹੁੰਦੀ, ਅਤੇ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ; ਜਾਂ
- ਇੱਕ **ਸਾਕਾਰਾਤਮਕ** ਜਾਂਚ-ਸੂਚੀ ਦਾ ਅਰਥ ਹੈ ਕਿ ਤੁਹਾਨੂੰ ਹੁਣ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦੇ ਪੂਰੇ ਮੁਲਾਂਕਣ ਦੀ ਲੋੜ ਹੈ। ਇਸ ਦਾ ਜ਼ਰੂਰੀ ਤੌਰ 'ਤੇ ਇਹ ਅਰਥ ਨਹੀ ਹੁੰਦਾ ਕਿ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦੇ ਹੋ।

## ਨਾਕਾਰਾਤਮਕ ਜਾਂਚ-ਸੂਚੀ ਤੋਂ ਬਾਅਦ ਅਗਲੇ ਕਦਮ

ਇੱਕ ਨਾਕਾਰਾਤਮਕ ਜਾਂਚ-ਸੂਚੀ ਦਾ ਅਰਥ ਇਹ ਹੁੰਦਾ ਹੈ ਕਿ ਤੁਹਾਨੂੰ ਯੋਗਤਾ ਦੇ ਪੂਰੇ ਮੁਲਾਂਕਣ ਦੀ ਲੋੜ ਨਹੀਂ ਹੁੰਦੀ ਅਤੇ ਇਸ ਲਈ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਇਸ ਜਾਂਚ-ਸੂਚੀ ਦਾ ਨਤੀਜਾ ਗ਼ਲਤ ਹੈ, ਤਾਂ ਤੁਸੀਂ CCG ਨੂੰ ਨਤੀਜੇ ਬਾਰੇ ਮੁੜ ਵਿਚਾਰ ਕਰਨ ਲਈ ਕਹਿ ਸਕਦੇ ਹੋ।

## ਸਾਕਾਰਾਤਮਕ ਜਾਂਚ-ਸੂਚੀ ਤੋਂ ਬਾਅਦ ਅਗਲੇ ਕਦਮ

ਸਾਕਾਰਾਤਮਕ ਜਾਂਚ-ਸੂਚੀ ਦਾ ਅਰਥ ਹੈ ਕਿ ਤੁਹਾਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦੇ ਪੂਰੇ ਮੁਲਾਂਕਣ ਦੀ ਲੋੜ ਹੈ।

ਤੁਹਾਡਾ CCG ਇਹ ਪੂਰਾ ਮੁਲਾਂਕਣ ਕਰਵਾਉਣ ਦਾ ਇੰਤਜਾਮ ਕਰੇਗਾ। ਸਾਕਾਰਾਤਮਕ ਜਾਂਚ-ਸੂਚੀ ਹੋਣ ਦਾ ਜ਼ਰੂਰੀ ਅਰਥ ਇਹ ਨਹੀਂ ਹੁੰਦਾ ਕਿ ਤੁਹਾਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗ ਸਮਝਿਆ ਜਾਵੇਗਾ।

## NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦਾ ਪੂਰਾ ਮੁਲਾਂਕਣ

ਯੋਗਤਾ ਦੇ ਮੁਕੰਮਲ ਮੁਲਾਂਕਣ ਲਈ, ਪੇਸ਼ੇਵਰਾਂ ਦੀ ਇੱਕ ਬਹੁ-ਵਿਸ਼ਿਆਂ ਵਾਲੀ ਟੀਮ (ਜਿਸ ਦਾ ਜ਼ਿਕਰ ਆਮ ਤੌਰ ’ਤੇ MDT ਵੱਜੋਂ ਕੀਤਾ ਜਾਂਦਾ ਹੈ) ਫੈਸਲੇ ਵਾਲੇ ਸਹਾਇਤਾ ਸਾਧਨ (ਜਿਸ ਦਾ ਜ਼ਿਕਰ ਅਕਸਰ DST ਵੱਜੋਂ ਕੀਤਾ ਜਾਂਦਾ ਹੈ) ਦੀ ਵਰਤੋਂ ਨਾਲ ਇਹ ਮੁਲਾਂਕਣ ਕਰੇਗੀ ਕੀ ਤੁਹਾਡੀ ਮੁਢਲੀ ਸਹਾਇਤਾ ਜ਼ਰੂਰਤ ਹੈ ਜਾਂ ਨਹੀਂ।

MDT ਦੋ ਜਾਂ ਵੱਧ ਪੇਸ਼ੇਵਰਾਂ ਨੂੰ ਮਿਲਾ ਕੇ ਬਣਾਈ ਜਾਂਦੀ ਹੈ, ਅਤੇ ਇਸ ਵਿੱਚ ਆਮ ਤੌਰ ’ਤੇ ਸਿਹਤ ਅਤੇ ਸਮਾਜਿਕ ਦੇਖਭਾਲ ਦੇ ਪੇਸ਼ੇਵਰ ਸ਼ਾਮਲ ਹੋਣਗੇ ਜਿਨ੍ਹਾਂ ਨੂੰ ਤੁਹਾਡੀ ਸਿਹਤ ਅਤੇ ਸਮਾਜਿਕ ਦੇਖਭਾਲ ਜ਼ਰੂਰਤਾਂ ਬਾਰੇ ਜਾਣਕਾਰੀ ਹੁੰਦੀ ਹੈ, ਅਤੇ, ਜਿੱਥੇ ਸੰਭਵ ਹੁੰਦਾ ਹੈ, ਜੋ ਤੁਹਾਡੇ ਮੁਲਾਂਕਣ, ਇਲਾਜ ਅਤੇ ਦੇਖਭਾਲ ਵਿੱਚ ਹਾਲ ਹੀ ਵਿੱਚ ਸ਼ਾਮਲ ਰਹੇ ਹੁੰਦੇ ਹਨ।

CCG ਮੁਲਾਂਕਣ ਪ੍ਰਕਿਰਿਆ ਦੇ ਤਾਲਮੇਲ ਲਈ ਕਿਸੇ ਵਿਅਕਤੀ ਬਾਰੇ ਪਤਾ ਲਗਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਇਹ ਵਿਅਕਤੀ ਤੁਹਾਡਾ ਮੁੱਖ ਸੰਪਰਕ ਸੂਤਰ ਹੋਣਾ ਚਾਹੀਦਾ ਹੈ।

ਮੁਲਾਂਕਣ, ਤੁਹਾਡੀ ਆਗਿਆ ਨਾਲ, ਤੁਹਾਡੀ ਦੇਖਭਾਲ ਵਿੱਚ ਸ਼ਾਮਲ ਵੱਖ-ਵੱਖ ਪੇਸ਼ੇਵਰਾਂ ਦੇ ਯੋਗਦਾਨਾਂ ਨੂੰ ਸ਼ਾਮਲ ਕਰੇਗਾ ਜੋ ਤੁਹਾਡੀਆਂ ਜ਼ਰੂਰਤਾਂ ਦੀ ਸਮੁੱਚੀ ਤਸਵੀਰ ਤਿਆਰ ਕਰਨ ਲਈ ਹੈ। ਇਹ ‘ਜ਼ਰੂਰਤਾਂ ਦੇ ਮੁਲਾਂਕਣ’ ਵੱਜੋਂ ਜਾਣੀ ਜਾਂਦੀ ਹੈ। ਤੁਹਾਡੀਆਂ ਜ਼ਰੂਰਤਾਂ ਦੀ ਸਹੀ ਤਸਵੀਰ ਹਾਸਲ ਕਰਨ ਲਈ ਮਦਦ ਵਾਸਤੇ ਪੇਸ਼ੇਵਰਾਂ ਦੇ ਵਿਚਾਰਾਂ ਦੇ ਨਾਲ-ਨਾਲ ਤੁਹਾਡੇ ਆਪਣੇ ਵਿਚਾਰਾਂ ਨੂੰ ਵੀ ਢੁਕਵੀਂ ਤਵੱਜੋਂ ਦੇਣੀ ਚਾਹੀਦੀ ਹੈ। ਬਹੁ-ਵਿਸ਼ਿਆਂ ਵਾਲੀ ਟੀਮ ਫੇਰ ‘ਫੈਸਲਾ ਲੈਣ ਲਈ ਸਹਾਇਤਾ ਸਾਧਨ’ ਮੁਕੰਮਲ ਕਰਨ ਲਈ ਤੁਹਾਡੀਆਂ ਜ਼ਰੂਰਤਾਂ ਦੇ ਮੁਲਾਂਕਣ ਤੋਂ ਜਾਣਕਾਰੀ ਦੀ ਵਰਤੋਂ ਕਰੇਗਾ। ਹਾਲਾਂਕਿ ਬਹੁ-ਵਿਸ਼ਿਆਂ ਵਾਲੀ ਟੀਮ ਆਮ ਤੌਰ ’ਤੇ ‘ਆਹਮੋ-ਸਾਹਮਣੇ ਆਧਾਰ ਵਾਲੀ’ ਮੁਲਾਕਾਤ ਕਰੇਗੀ ਪਰ ਇਹ ਉਸ ਸੂਰਤ ਵਿੱਚ ਤਕਨਾਲੋਜੀ ਦੀ ਵਰਤੋਂ ਕਰਦਿਆਂ ਉਨ੍ਹਾਂ ਲੋਕਾਂ ਦੇ ਯੋਗਦਾਨਾਂ ਨੂੰ ਵੀ ਸ਼ਾਮਲ ਕਰ ਸਕਦੀ ਹੈ ਜੇਕਰ ਉਹ ਵਿਅਕਤੀਗਤ ਰੂਪ ਵਿੱਚ ਉੱਥੇ ਨਹੀਂ ਆ ਸਕਦੇ।

## ਫੈਸਲਾ ਲੈਣ ਵਾਲੇ ਸਾਧਨ ਦੀ ਵਰਤੋਂ ਕਰਦਿਆਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦਾ ਮੁਲਾਂਕਣ

NHS CHC ਲਈ ਯੋਗਤਾ ਤੁਹਾਡੀਆਂ ਜ਼ਰੂਰਤਾਂ ਉੱਤੇ ਆਧਾਰਤ ਹੁੰਦੀ ਹੈ, ਤੁਹਾਡੇ ਡਾਇਗਨੋਸਿਜ਼ (ਰੋਗ ਪਹਿਚਾਣ) ਜਾਂ ਸਿਹਤ-ਸਮੱਸਿਆ ਉੱਤੇ ਆਧਾਰਤ ਨਹੀਂ ਹੁੰਦੀ। ਫੈਸਲਾ ਲੈਣ ਲਈ ਸਹਾਇਤਾ ਸਾਧਨ ਤੁਹਾਡੀਆਂ ਜ਼ਰੂਰਤਾਂ ਦੇ ਮੁਲਾਂਕਣ ਦੀ ਜਾਣਕਾਰੀ ਦੀ ਇਸ ਤਰ੍ਹਾਂ ਨਾਲ ਤੁਲਨਾ ਕਰਦਾ ਹੈ ਅਤੇ ਇਸ ਨੂੰ ਇਸ ਤਰ੍ਹਾਂ ਨਾਲ ਪੇਸ਼ ਕਰਦਾ ਹੈ ਜੋ NHS ਦੀ ਨਿਰੰਤਰ ਸਿਹਤ-ਸੰਭਾਲ ਦੀ ਯੋਗਤਾ ਦੇ ਸਬੰਧ ਵਿੱਚ ਅਨੁਕੂਲ ਫੈਸਲਾ ਲੈਣ ਵਿੱਚ ਸਹਾਇਤਾ ਕਰਦਾ ਹੈ। ਫੈਸਲਾ ਲੈਣ ਵਾਲਾ ਸਾਧਨ ਤੁਹਾਡੀਆਂ ਵੱਖ-ਵੱਖ ਜ਼ਰੂਰਤਾਂ ਨੂੰ 12 'ਦੇਖਭਾਲ ਖੇਤਰਾਂ' ਵਿੱਚ ਇਕੱਠਿਆਂ ਕਰਦਾ ਹੈ ਅਤੇ ਰਿਕਾਰਡ ਕਰਦਾ ਹੈ, ਜਿਨ੍ਹਾਂ ਨੂੰ ਕਈ ਤਰ੍ਹਾਂ ਦੇ ਪੱਧਰਾਂ ਵਿੱਚ ਵੰਡਿਆ ਜਾਂਦਾ ਹੈ।

ਸਾਧਨ ਦਾ ਉਦੇਸ਼ ਬਹੁ-ਵਿਸ਼ਿਆਂ ਵਾਲੀ ਟੀਮ ਦੀ ਤੁਹਾਡੀਆਂ ਜ਼ਰੂਰਤਾਂ ਦੀ ਕਿਸਮ, ਜਟਿਲਤਾ, ਤੀਬਰਤਾ ਅਤੇ ਗ਼ੈਰ-ਅਨੁਮਾਨਯੋਗਤਾ ਦਾ ਮੁਲਾਂਕਣ ਵਿੱਚ ਮਦਦ ਕਰਨਾ ਹੈ - ਅਤੇ ਤਾਂ ਜੋ ਉਹ ਸਿਫਾਰਸ਼ ਕਰ ਸਕੇ ਕਿ ਕੀ ਤੁਹਾਡੀ 'ਮੁਢਲੀ ਸਿਹਤ ਜ਼ਰੂਰਤ' ਹੈ ਜਾਂ ਨਹੀਂ।

ਬਹੁ-ਵਿਸ਼ਿਆਂ ਵਾਲੀ ਟੀਮ ਫੇਰ CCG ਨੂੰ ਇਸ ਬਾਰੇ ਸਿਫਾਰਸ਼ ਕਰੇਗੀ ਕਿ ਕੀ ਤੁਹਾਡੀ ਮੁਢਲੀ ਸਿਹਤ ਜ਼ਰੂਰਤ ਹੈ ਜਾਂ ਨਹੀਂ, ਜੋ ਫੇਰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਤੁਹਾਡੀ ਯੋਗਤਾ ਦਾ ਨਿਰਧਾਰਨ ਕਰੇਗੀ। ਅਪਵਾਦਕ ਹਾਲਾਤ ਨੂੰ ਛੱਡ ਕੇ ਅਤੇ ਉਨ੍ਹਾਂ ਦੇ ਫੈਸਲੇ ਲਈ ਸਪਸ਼ਟ ਤੌਰ ’ਤੇ ਦੱਸੇ ਕਾਰਨਾਂ ਨੂੰ ਛੱਡ ਕੇ, CCG ਨੂੰ ਆਮ ਤੌਰ ’ਤੇ ਇਸ ਸਿਫਾਰਸ਼ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

## NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰ ਕਰਨ ਦੇ ਫੈਸਲੇ ਦਾ ਨੋਟੀਫਿਕੇਸ਼ਨ

NHS ਦੀ ਨਿਰੰਤਰ ਸਿਹਤ-ਸੰਭਾਲ ਸਬੰਧੀ ਯੋਗਤਾ ਬਾਰੇ ਫੈਸਲਾ ਆਮ ਤੌਰ ’ਤੇ ਉਸ ਤਾਰੀਖ਼ ਤੋਂ 28 ਕਲੰਡਰ ਦਿਨਾਂ ਅੰਦਰ ਕੀਤਾ ਜਾਵੇਗਾ ਜਦੋਂ CCG ਨੇ ਇਸ ਬਾਰੇ ਨੋਟੀਫਿਕੇਸ਼ਨ ਪ੍ਰਾਪਤ ਕੀਤੀ ਸੀ ਕਿ ਤੁਹਾਨੂੰ ਯੋਗਤਾ ਦੇ ਮੁਕੰਮਲ ਮੁਲਾਂਕਣ ਦੀ ਲੋੜ ਸੀ (ਆਮ ਤੌਰ ’ਤੇ ਸਾਕਾਰਾਤਮਕ ਜਾਂਚ-ਸੂਚੀ ਰਾਹੀਂ ਅਜਿਹਾ ਹੁੰਦਾ ਹੈ), ਹਾਲਾਂਕਿ ਕੁਝ ਸਥਿਤੀਆਂ ਵਿੱਚ ਫੈਸਲਾ ਕਰਨ ਲਈ 28 ਦਿਨਾਂ ਤੋਂ ਜ਼ਿਆਦਾ ਸਮਾਂ ਲੱਗੇਗਾ। CCG ਨੂੰ ਫੇਰ ਜਿੰਨਾਂ ਛੇਤੀ ਹੋ ਸਕੇ ਓਨੀ ਛੇਤੀ ਤੁਹਾਨੂੰ ਲਿਖ਼ਤੀ ਰੂਪ ਵਿੱਚ ਸੂਚਿਤ ਕਰਨਾ ਚਾਹੀਦਾ ਹੈ, ਇਸ ਬਾਰੇ ਆਪਣੇ ਫੈਸਲੇ ਲਈ ਸਪਸ਼ਟ ਕਾਰਨ ਦੇਣੇ ਚਾਹੀਦੇ ਹਨ ਕਿ ਕੀ ਤੁਸੀਂ ਯੋਗਤਾ ਪੂਰੀ ਕਰਦੇ ਹੋ ਜਾਂ ਨਹੀਂ। ਉਨ੍ਹਾਂ ਨੂੰ ਤੁਹਾਨੂੰ ਫੈਸਲੇ ਦੀ ਸਮੀਖਿਆ ਲਈ ਬੇਨਤੀ ਕਰਨ ਦੇ ਤੁਹਾਡੇ ਅਧਿਕਾਰ ਬਾਰੇ ਵੀ ਦੱਸਣਾ ਚਾਹੀਦਾ ਹੈ।

# ਫਾਸਟ ਟਰੈਕ ਪਾਥਵੇਅ ਟੂਲ

ਜੇਕਰ ਤੁਹਾਡੀ ਬਹੁਤ ਤੇਜ਼ੀ ਨਾਲ ਵਿਗੜ ਰਹੀ ਸਿਹਤ ਸਮੱਸਿਆ ਹੈ ਜੋ ਆਖ਼ਰੀ ਪੜਾਅ ਵਿੱਚ ਦਾਖਲ ਹੋ ਰਹੀ ਹੈ, ਤਾਂ ਫੇਰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਅਤਿ-ਜ਼ਰੂਰੀ ਪਹੁੰਚ ਕਰਨ ਲਈ ਤੁਹਾਨੂੰ ‘ਫਾਸਟ ਟਰੈਕਿੰਗ’ ਦੀ ਲੋੜ ਪੈ ਸਕਦੀ ਹੈ।

ਫਾਸਟ ਟਰੈਕ ਪਾਥਵੇਅ ਵਿੱਚ ਜਾਂਚ-ਸੂਚੀ ਪੂਰੀ ਕਰਨ ਜਾਂ ਫੈਸਲਾ ਲੈਣ ਲਈ ਸਹਾਇਤਾ ਸਾਧਨ ਪੂਰਾ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਦੀ ਬਜਾਏ ਇੱਕ ਢੁਕਵਾਂ ਕਲੀਨੀਸ਼ੀਅਨ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਤੁਹਾਡੀ ਯੋਗਤਾ ਤੈਅ ਕਰਨ ਲਈ ਫਾਸਟ ਟਰੈਕ ਪਾਥਵੇਅ ਟੂਲ ਨੂੰ ਮੁਕੰਮਲ ਕਰੇਗਾ।

ਇਹ ਕਲੀਨੀਸ਼ੀਅਨ ਮੁਕੰਮਲ ਕੀਤੇ ਫਾਸਟ ਟਰੈਕ ਪਾਥਵੇਅ ਟੂਲ ਨੂੰ ਸਿੱਧਾ ਤੁਹਾਡੇ CCG ਕੋਲ ਭੇਜੇਗਾ, ਜਿਸ ਨੂੰ ਤੁਹਾਡੇ ਲਈ ਦੇਣ ਵਾਸਤੇ ਦੇਖਭਾਲ ਪੈਕੇਜ ਦਾ ਇੰਤਜਾਮ ਕਰਨਾ ਚਾਹੀਦਾ ਹੈ, ਜੋ ਆਮ ਤੌਰ ’ਤੇ ਮੁਕੰਮਲ ਕੀਤੇ ਫਾਸਟ ਟਰੈਕ ਪਾਥਵੇਅ ਟੂਲ ਦੀ ਪ੍ਰਾਪਤੀ ਦੇ ੪੮ ਘੰਟਿਆਂ ਅੰਦਰ ਕੀਤਾ ਜਾਵੇਗਾ।

ਤੁਹਾਡੇ CCG ਨੂੰ ਤੁਹਾਡੀਆਂ ਦੇਖਭਾਲ ਜ਼ਰੂਰਤਾਂ ਅਤੇ ਤੁਹਾਡੇ ਦੇਖਭਾਲ ਪੈਕੇਜ ਦੀ ਪ੍ਰਭਾਵਕਤਾ ਦੀ ਸਮੀਖਿਆ ਕਰਨੀ ਚਾਹੀਦੀ ਹੈ। ਕੁਝ ਅਜਿਹੀਆਂ ਉਦਾਹਰਣਾਂ ਹੋ ਸਕਦੀਆਂ ਹਨ ਜਿੱਥੇ ਜਿੱਥੇ ਫੈਸਲੇ ਲੈਣ ਲਈ ਸਹਾਇਤਾ ਸਾਧਨ ਦੀ ਵਰਤੋਂ ਕਰਦਿਆਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਤੁਹਾਡੀ ਯੋਗਤਾ ਦਾ ਮੁੜ ਮੁਲਾਂਕਣ ਢੁਕਵਾਂ ਹੋ ਜਾਂਦਾ ਹੈ। ਜੇ ਇਹ ਜ਼ਰੂਰੀ ਹੁੰਦਾ ਹੈ, ਤਾਂ ਤੁਹਾਡਾ CCG ਉੱਪਰ ਦਿੱਤੇ ‘ਮੁਲਾਂਕਣਾਂ’ ਵਾਲੇ ਭਾਗ (ਸਫਾ ੮) ਵਿੱਚ ਦਿੱਤੇ ਵੇਰਵੇ ਅਨੁਸਾਰ ਪ੍ਰਕਿਰਿਆ ਦੀ ਧਿਆਨਪੂਰਵਕ ਵਿਆਖਿਆ ਕਰੇਗਾ।

# ਅਗਲੇ ਕਦਮ

## ਜੇਕਰ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ ਤਾਂ CCG (ਤੁਹਾਡੀ ਆਗਿਆ ਨਾਲ) ਤੁਹਾਡੀ ਲੋਕਲ ਅਥਾਰਟੀ ਨੂੰ ਤੁਹਾਡਾ ਹਵਾਲਾ ਦੇ ਸਕਦਾ ਹੈ, ਜੋ ਤੁਹਾਡੇ ਨਾਲ ਇਸ ਬਾਰੇ ਚਰਚਾ ਕਰ ਸਕਦੀ ਹੈ ਕਿ ਕੀ ਤੁਸੀਂ ਉਨ੍ਹਾਂ ਤੋਂ ਸਹਾਇਤਾ ਲਈ ਯੋਗਤਾ ਪੂਰੀ ਕਰ ਸਕਦੇ ਹੋ। ਜੇਕਰ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ ਪਰ ਅਜੇ ਵੀ ਕੁਝ ਸਿਹਤ ਜ਼ਰੂਰਤਾਂ ਹੁੰਦੀਆਂ ਹਨ, ਤਾਂ ਫੇਰ NHS ਅਜੇ ਵੀ ਸਹਾਇਤਾ ਦੇ ਤੁਹਾਡੇ ਪੈਕੇਜ ਦੇ ਇੱਕ ਹਿੱਸੇ ਲਈ ਭੁਗਤਾਨ ਕਰ ਸਕਦੀ ਹੈ। ਇਹ 'ਦੇਖਭਾਲ ਦੇ ਸਾਂਝੇ ਪੈਕੇਜ' ਵੱਜੋਂ ਜਾਣਿਆ ਜਾਂਦਾ ਹੈ। ਇੱਕ ਤਰੀਕਾ ਜਿਸ ਨਾਲ ਇਸ ਨੂੰ ਮੁਹੱਈਆ ਕੀਤਾ ਜਾਂਦਾ ਹੈ ਉਹ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਜ਼ਰੀਏ ਹੁੰਦਾ ਹੈ (ਹੇਠਾਂ 'NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ' ਵਾਲਾ ਭਾਗ ਦੇਖੋ)। NHS ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਦਦ ਵਾਸਤੇ ਹੋਰ ਫੰਡਿੰਗ ਜਾਂ ਸੇਵਾਵਾਂ ਵੀ ਮੁਹੱਈਆ ਕਰ ਸਕਦੀ ਹੈ।

ਜੇਕਰ ਲੋਕਲ ਅਥਾਰਟੀ ਤੁਹਾਡੇ ਦੇਖਭਾਲ ਪੈਕੇਜ ਦੀ ਕੁਝ ਫੰਡਿੰਗ ਵਿੱਚ ਸ਼ਾਮਲ ਹੁੰਦੀ ਹੈ, ਤਾਂ ਤੁਹਾਡੀ ਆਮਦਨ ਅਤੇ ਬੱਚਤਾਂ ਉੱਤੇ ਨਿਰਭਰ ਕਰਦਿਆਂ, ਤੁਹਾਨੂੰ ਆਪਣੀ ਦੇਖਭਾਲ ਪੈਕੇਜ ਦੇ ਉਸ ਹਿੱਸੇ ਦੇ ਖ਼ਰਚਿਆਂ ਲਈ ਉਨ੍ਹਾਂ ਨੂੰ ਯੋਗਦਾਨ ਲਈ ਭੁਗਤਾਨ ਕਰਨਾ ਪੈ ਸਕਦਾ ਹੈ। ਦੇਖਭਾਲ ਦੇ ਸਾਂਝੇ ਪੈਕੇਜ ਦੇ NHS ਅੰਸ਼ਾਂ ਲਈ ਕੋਈ ਖ਼ਰਚ ਨਹੀਂ ਹੁੰਦਾ।

ਤੁਸੀਂ ਭਾਵੇਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦੇ ਹੋ ਜਾਂ ਨਹੀਂ ਕਰਦੇ, ਪਰ ਤੁਸੀਂ ਅਜੇ ਵੀ ਆਪਣੇ ਇਲਾਕੇ ਵਿੱਚ NHS ਦੀਆਂ ਹੋਰਨਾਂ ਸਾਰੀਆਂ ਸੇਵਾਵਾਂ ਨੂੰ ਉਸੇ ਤਰ੍ਹਾਂ ਨਾਲ ਵਰਤਣ ਲਈ ਹੱਕਦਾਰ ਹੁੰਦੇ ਹੋ ਜਿਸ ਤਰ੍ਹਾਂ ਕੋਈ ਹੋਰ NHS ਮਰੀਜ਼ ਹੱਕਦਾਰ ਹੁੰਦਾ ਹੈ।

ਜੇਕਰ ਤੁਸੀਂ ਆਪਣੀ ਯੋਗਤਾ ਦੇ ਫੈਸਲੇ ਦੇ ਨਤੀਜੇ ਤੋਂ ਅਸੰਤੁਸ਼ਟ ਹੁੰਦੇ ਹੋ ਤਾਂ ਆਪਣੇ ਅਧਿਕਾਰਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਹੇਠਾਂ 'ਯੋਗਤਾ ਸਬੰਧੀ ਫੈਸਲੇ ਦੀ ਸਮੀਖਿਆ ਲਈ ਵਿਅਕਤੀਗਤ ਬੇਨਤੀਆਂ' ਵਾਲਾ ਭਾਗ ਦੇਖੋ।

## ਜੇਕਰ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਹੱਕਦਾਰ ਹੁੰਦੇ ਹੋ ਤਾਂ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ

ਜੇਕਰ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰਦੇ ਹੋ, ਤਾਂ ਤੁਹਾਡਾ CCG ਤੁਹਾਡੀ ਦੇਖਭਾਲ ਯੋਜਨਾ, ਸੇਵਾਵਾਂ ਦਾ ਅਧਿਕਾਰ ਦੇਣ ਅਤੇ ਤੁਹਾਡੇ ਕੇਸ ਪ੍ਰਬੰਧਨ ਲਈ ਜ਼ਿੰਮੇਵਾਰ ਹੋਵੇਗਾ। CCG ਤੁਹਾਡੇ ਨਾਲ ਇਸ ਸਬੰਧੀ ਵਿਕਲਪਾਂ ਬਾਰੇ ਚਰਚਾ ਕਰੇਗਾ ਕਿ ਤੁਹਾਡੀਆਂ ਦੇਖਭਾਲ ਅਤੇ ਸਹਾਇਤਾ ਜ਼ਰੂਰਤਾਂ ਨੂੰ ਕਿਵੇਂ ਬਿਹਤਰੀਨ ਢੰਗ ਨਾਲ ਮੁਹੱਈਆ ਕੀਤਾ ਅਤੇ ਨਜਿੱਠਿਆ ਜਾ ਸਕਦਾ ਹੈ।

ਤੁਹਾਡੀਆਂ ਜ਼ਰੂਰਤਾਂ ਨੂੰ ਕਿਵੇਂ ਪੂਰਾ ਕੀਤਾ ਜਾਵੇਗਾ, ਇਸ ਬਾਰੇ ਫੈਸਲਾ ਕਰਨ ਸਮੇਂ ਤੁਹਾਡੀਆਂ ਇੱਛਾਵਾਂ ਅਤੇ ਤਰਜੀਹੀ ਨਤੀਜਿਆਂ ਵੱਲ ਉਚਿਤ ਧਿਆਨ ਦੇਣਾ ਚਾਹੀਦਾ ਹੈ। ਇਸ ਵਿੱਚ ਤੁਹਾਡੀ ਤਰਜੀਹੀ ਜਗ੍ਹਾ ਬਾਰੇ ਚਰਚਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ ਜਿਸ ਵਿੱਚ ਤੁਸੀਂ ਦੇਖਭਾਲ ਕਰਵਾਉਗੇ (ਮਿਸਾਲ ਲਈ ਘਰ ਵਿੱਚ ਜਾਂ ਕੇਅਰ ਹੋਮ ਵਿੱਚ), ਇਸ ਦੇ ਨਾਲ ਇਹ ਕਿ ਤੁਹਾਡੀਆਂ ਜ਼ਰੂਰਤਾਂ ਕਿਵੇਂ ਪੂਰੀਆਂ ਕੀਤੀਆਂ ਜਾਣਗੀਆਂ ਅਤੇ ਕਿਸ ਵੱਲੋਂ ਕੀਤੀਆਂ ਜਾਣਗੀਆਂ।

ਮੁਹੱਈਆ ਕੀਤੇ NHS ਦੇਖਭਾਲ ਪੈਕੇਜ ਨੂੰ ਤੁਹਾਡੀ ਦੇਖਭਾਲ ਯੋਜਨਾ ਵਿੱਚ ਕੀਤੀ ਪਹਿਚਾਣ ਮੁਤਾਬਕ ਤੁਹਾਡੀਆਂ ਮੁਲਾਂਕਣ ਕੀਤੀਆਂ ਸਿਹਤ ਅਤੇ ਸਬੰਧਤ ਸਮਾਜਿਕ ਦੇਖਭਾਲ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

# ਸਮੀਖਿਆਵਾਂ

ਤੁਹਾਨੂੰ ਆਮ ਤੌਰ ’ਤੇ ਯੋਗਤਾ ਸਬੰਧੀ ਸਾਕਾਰਾਤਮਕ ਫੈਸਲਾ ਕੀਤੇ ਜਾਣ ਦੇ ਤਿੰਨ ਮਹੀਨਿਆਂ ਅੰਦਰ ਆਪਣੇ ਦੇਖਭਾਲ ਪੈਕੇਜ ਦੀ ਸਮੀਖਿਆ ਕਰਵਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਤੁਹਾਨੂੰ ਘੱਟੋ-ਘੱਟ ਸਲਾਨਾ ਆਧਾਰ ’ਤੇ ਅਗਲੇਰੀਆਂ ਸਮੀਖਿਆਵਾਂ ਕਰਵਾਉਣੀਆਂ ਚਾਹੀਦੀਆਂ ਹਨ।

ਇਨ੍ਹਾਂ ਸਮੀਖਿਆਵਾਂ ਨੂੰ ਇਸ ਗੱਲ ਉੱਤੇ ਕੇਂਦਰਤ ਹੋਣਾ ਚਾਹੀਦਾ ਹੈ ਕਿ ਕੀ ਤੁਹਾਡੀ ਦੇਖਭਾਲ ਯੋਜਨਾ ਜਾਂ ਇੰਤਜਾਮ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਢੁਕਵੇਂ ਬਣੇ ਰਹਿੰਦੇ ਹਨ। ਤੁਹਾਡੀ ਦੇਖਭਾਲ ਯੋਜਨਾ ਵਿੱਚ ਕੋਈ ਵੀ ਬਦਲਾਅ ਇਸੇ ਮੁਤਾਬਕ ਕੀਤੇ ਜਾਣਗੇ।
ਫੈਸਲਾ ਲੈਣ ਦੀ ਸਹਾਇਤਾ ਲਈ ਮੁਕੰਮਲ ਕੀਤਾ ਸਭ ਤੋਂ ਹਾਲੀਆ ਸਾਧਨ ਸਮੀਖਿਆ ਸਮੇਂ ਉਪਲਬਧ ਹੋਵੇਗਾ ਅਤੇ ਜ਼ਰੂਰਤਾਂ ਵਿੱਚ ਕਿਸੇ ਵੀ ਸੰਭਾਵੀ ਤਬਦੀਲੀਆਂ ਦੀ ਪਹਿਚਾਣ ਕਰਨ ਲਈ ਪੈਮਾਨੇ (ਆਧਾਰ) ਵੱਜੋਂ ਵਰਤਿਆ ਜਾਂਦਾ ਹੈ।

ਜੇਕਰ ਤੁਹਾਡੀਆਂ ਜ਼ਰੂਰਤਾਂ ਇਸ ਹੱਦ ਤੱਕ ਬਦਲ ਗਈਆਂ ਹਨ ਕਿ ਉਹ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਤੁਹਾਡੀ ਯੋਗਤਾ ਉੱਤੇ ਅਸਰ ਪੈ ਸਕਦੀ ਹੈ, ਤਾਂ ਫੇਰ CCG ਉੱਪਰ ਮੁਲਾਂਕਣਾਂ ਵਾਲੇ ਭਾਗ ਵਿੱਚ ਦਿੱਤੀ ਪ੍ਰਕਿਰਿਆ ਮੁਤਾਬਕ ਯੋਗਤਾ ਲਈ ਮੁਕੰਮਲ ਮੁੜ-ਮੁਲਾਂਕਣ ਲਈ ਇੰਤਜਾਮ ਕਰ ਸਕਦਾ ਹੈ।

ਨਾ ਤਾਂ NHS ਨੂੰ ਅਤੇ ਨਾ ਹੀ ਲੋਕਲ ਅਥਾਰਟੀ ਨੂੰ ਤੁਹਾਡੀਆਂ ਜ਼ਰੂਰਤਾਂ ਦੇ ਸਾਂਝੇ ਮੁੜ-ਮੁਲਾਂਕਣ ਤੋਂ ਬਗੈਰ, ਅਤੇ ਇੱਕ ਦੂਜੇ ਨਾਲ ਅਤੇ ਤੁਹਾਡੇ ਨਾਲ ਇੰਤਜਾਮ ਵਿੱਚ ਕਿਸੇ ਪ੍ਰਸਤਾਵਤ ਤਬਦੀਲੀ ਬਾਰੇ ਪਹਿਲਾਂ ਸਲਾਹ ਸਲਾਹ ਮਸ਼ਵਰਾ ਕੀਤੇ ਬਗੈਰ, ਅਤੇ ਇਹ ਯਕੀਨੀ ਬਣਾਏ ਬਗੈਰ, ਕਿ ਵਿਕਲਪਿਕ ਫੰਡਿੰਗ ਜਾਂ ਸੇਵਾਵਾਂ ਤੈਅ ਹਨ, ਮੌਜੂਦਾ ਦੇਖਭਾਲ ਜਾਂ ਫੰਡਿੰਗ ਦੇ ਇੰਤਜਾਮਾਂ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ।

# ਯੋਗਤਾ ਫੈਸਲੇ ਦੀ ਸਮੀਖਿਆ ਲਈ ਵਿਅਕਤੀਗਤ ਬੇਨਤੀਆਂ

ਜਾਂਚ-ਸੂਚੀ ਦੀ ਵਰਤੋਂ ਨਾਲ ਸਕਰੀਨਿੰਗ ਕਰਨ ਤੋਂ ਬਾਅਦ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦੇ ਮੁਕੰਮਲ ਮੁਲਾਂਕਣ ਲਈ ਅੱਗੇ ਨਾ ਵਧਣ ਦੇ ਫੈਸਲੇ ਨਾਲ ਜੇਕਰ ਤੁਸੀਂ ਅਸਹਿਮਤ ਹੁੰਦੇ ਹੋ, ਤਾਂ ਤੁਸੀਂ CCG ਨੂੰ ਫੈਸਲੇ ਬਾਰੇ ਮੁੜ ਵਿਚਾਰ ਕਰਨ ਲਈ ਕਹਿ ਸਕਦੇ ਹੋ।

ਜੇਕਰ ਤੁਸੀਂ CCG ਵੱਲੋਂ ਕੀਤੇ ਯੋਗਤਾ ਬਾਰੇ ਕੀਤੇ ਫੈਸਲੇ ਨਾਲ ਅਸਹਿਮਤ ਹੁੰਦੇ ਹੋ (ਯੋਗਤਾ ਦੇ ਮੁਕੰਮਲ ਮੁਲਾਂਕਣ ਤੋਂ ਬਾਅਦ, ਜਿਸ ਵਿੱਚ ਫੈਸਲਾ ਲੈਣ ਵਾਲੇ ਸਹਾਇਤਾ ਸਾਧਨ ਨੂੰ ਪੂਰਾ ਕਰਨਾ ਸ਼ਾਮਲ ਹਨ), ਜਾਂ ਜੇਕਰ ਤੁਹਾਨੂੰ CCG ਵੱਲੋਂ ਆਪਣੇ ਯੋਗਤਾ ਫੈਸਲੇ ਉੱਤੇ ਪਹੁੰਚਣ ਲਈ ਪਾਲਣਾ ਕੀਤੀ ਕਾਰਜ-ਪ੍ਰਕਿਰਿਆ ਬਾਰੇ ਚਿੰਤਾਵਾਂ ਹਨ, ਤਾਂ ਤੁਸੀਂ CCG ਨੂੰ ਆਪਣੀ ਸਥਾਨਕ ਨਿਪਟਾਰੇ ਵਾਲੀ ਪ੍ਰਕਿਰਿਆ ਰਾਹੀਂ ਆਪਣੇ ਮਾਮਲੇ ਦੀ ਸਮੀਖਿਆ ਕਰਨ ਲਈ ਕਹਿ ਸਕਦੇ ਹੋ।

ਜਿੱਥੇ ਸਥਾਨਕ ਨਿਪਟਾਰੇ ਵਾਲੀ ਪ੍ਰਕਿਰਿਆ ਰਾਹੀਂ ਮਾਮਲੇ ਨੂੰ ਨਜਿੱਠਣਾ ਸੰਭਵ ਨਹੀਂ ਰਿਹਾ ਹੈ, ਉੱਥੇ ਤੁਸੀਂ NHS ਇੰਗਲੈਂਡ ਨੂੰ ਫੈਸਲੇ ਦੀ ਨਿਰਪੱਖ ਸਮੀਖਿਆ ਕਰਨ ਲਈ ਦਰਖ਼ਾਸਤ ਦੇ ਸਕਦੇ ਹੋ। NHS ਇੰਗਲੈਂਡ ਨਿਰਪੱਖ ਸਮੀਖਿਆ ਤੋਂ ਪਹਿਲਾਂ CCG ਨੂੰ ਅਗਲੇਰੇ ਸਥਾਨਕ ਨਿਪਟਾਰੇ ਲਈ ਕੋਸ਼ਿਸ਼ ਵਾਸਤੇ ਵਿਚਾਰ ਕਰਨ ਲਈ ਕਹਿ ਸਕਦੀ ਹੈ।

ਨਿਰਪੱਖ ਸਮੀਖਿਆ ਤੋਂ ਬਾਅਦ, ਜੇਕਰ ਸ਼ੁਰੂਆਤੀ ਫੈਸਲੇ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਪਰ ਤੁਸੀਂ ਅਸੰਤੁਸ਼ਟ ਬਣੇ ਰਹਿੰਦੇ ਹੋ, ਤਾਂ ਤੁਹਾਡੇ ਕੋਲ ਸੰਸਦੀ ਅਤੇ ਸਿਹਤ ਸੇਵਾਵਾਂ ਸਬੰਧੀ ਓਮਬਡਸਮੈਨ ਕੋਲ ਸ਼ਿਕਾਇਤ ਕਰਨ ਦਾ ਅਧਿਕਾਰ ਹੁੰਦਾ ਹੈ।

ਕਿਸੇ ਵੀ ਵਿਅਕਤੀ ਨੂੰ NHS, ਲੋਕਲ ਅਥਾਰਟੀ ਜਾਂ ਦੇਖਭਾਲ ਦੇ ਕਿਸੇ ਵੀ ਪ੍ਰਦਾਤਾ ਤੋਂ ਪ੍ਰਾਪਤ ਕੀਤੀ ਜਾਂਦੀ ਸੇਵਾ ਦੇ ਕਿਸੇ ਵੀ ਪਹਿਲੂ ਬਾਰੇ ਸ਼ਿਕਾਇਤ ਕਰਨ ਦਾ ਅਧਿਕਾਰ ਹੁੰਦਾ ਹੈ। ਸ਼ਿਕਾਇਤਾਂ ਦੀ ਕਾਰਜ-ਪ੍ਰਕਿਰਿਆ ਦੇ ਵੇਰਵੇ ਸਬੰਧਤ ਸੰਸਥਾ ਤੋਂ ਉਪਲਬਧ ਹੁੰਦੇ ਹਨ।

# NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ

ਤੀਮਾਰਦਾਰੀ ਵਾਲੇ ਕੇਅਰ ਹੋਮਾਂ ਵਿੱਚ ਵਿਅਕਤੀਆਂ ਲਈ, ਰਜਿਸਟਰ ਹੋਈਆਂ ਨਰਸਾਂ ਨੂੰ ਆਮ ਤੌਰ ’ਤੇ ਕੇਅਰ ਹੋਮ ਵੱਲੋਂ ਖੁਦ ਹੀ ਨੌਕਰੀ ’ਤੇ ਰੱਖਿਆ ਜਾਂਦਾ ਹੈ। ਰਜਿਸਟਰ ਹੋਈ ਨਰਸ ਰਾਹੀਂ ਅਜਿਹੀ ਤੀਮਾਰਦਾਰੀ ਦੇਖਭਾਲ ਦੀ ਵਿਵਸਥਾ ਵਾਸਤੇ ਫੰਡ ਦੇਣ ਲਈ NHS ਕੇਅਰ ਹੋਮ ਨੂੰ ਸਿੱਧਾ ਭੁਗਤਾਨ ਕਰਦੀ ਹੈ। ਇਸ ਨੂੰ ‘NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ’ ਕਿਹਾ ਜਾਂਦਾ ਹੈ ਅਤੇ ਇਹ ਯੋਗਤਾ ਪ੍ਰਾਪਤ ਵਿਅਕਤੀਆਂ ਲਈ ਰਜਿਸਟਰਡ ਤੀਮਾਰਦਾਰੀ ਦੇਖਭਾਲ ਮੁਹੱਈਆ ਕਰਨ ਦੇ ਖ਼ਰਚ ਲਈ ਮਿਆਰੀ ਦਰ ਵਾਲਾ ਯੋਗਦਾਨ ਹੈ। ਲੋਕਲ ਅਥਾਰਟੀਆਂ ਨੂੰ ਰਜਿਸਟਰ ਹੋਈ ਤੀਮਾਰਦਾਰੀ ਦੇਖਭਾਲ ਮੁਹੱਈਆ ਕਰਨ ਜਾਂ ਇਸ ਲਈ ਫੰਡ ਦੇਣ ਦੀ ਆਗਿਆ ਨਹੀਂ ਹੁੰਦੀ (ਬਹੁਤ ਹੀ ਸੀਮਤ ਹਾਲਾਤ ਨੂੰ ਛੱਡ ਕੇ)। ਰਜਿਸਟਰ ਹੋਈ ਤੀਮਾਰਦਾਰੀ ਦੇਖਭਾਲ ਵਿੱਚ ਦੇਖਭਾਲ ਦੇ ਕਈ ਵੱਖ-ਵੱਖ ਪਹਿਲੂ ਸ਼ਾਮਲ ਹੋ ਸਕਦੇ ਹਨ। ਇਸ ਵਿੱਚ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤੀਮਾਰਦਾਰੀ ਸਬੰਧੀ ਕਾਰਜਾਂ ਦੇ ਨਾਲ-ਨਾਲ ਤੀਮਾਰਦਾਰੀ ਦੀ ਯੋਜਨਾ, ਨਿਗਰਾਨੀ ਅਤੇ ਨਿਰੀਖਣ ਅਤੇ ਸਿਹਤ-ਸੰਭਾਲ ਦੇ ਕਾਰਜ ਸ਼ਾਮਲ ਹੋ ਸਕਦੇ ਹਨ।

## NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਯੋਗਤਾ ਤੈਅ ਕਰਨੀ

NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਤੁਹਾਡੀ ਜ਼ਰੂਰਤ ਬਾਰੇ ਫੈਸਲਾ ਕੀਤੇ ਜਾਣ ਤੋਂ ਪਹਿਲਾਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਤੁਹਾਡੀ ਯੋਗਤਾ ਬਾਰੇ ਹਮੇਸ਼ਾਂ ਪਹਿਲਾਂ ਵਿਚਾਰ ਕਰਨਾ ਚਾਹੀਦਾ ਹੈ।

ਤੁਸੀਂ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਯੋਗਤਾ ਪੂਰੀ ਕਰਦੇ ਹੋ ਜੇਕਰ:

- ਜੇਕਰ ਤੁਸੀਂ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ ਪਰ ਰਜਿਸਟਰ ਹੋਈ ਨਰਸ ਦੀਆਂ ਸੇਵਾਵਾਂ ਦੀ ਲੋੜ ਹੋਣ ਵੱਜੋਂ ਮੁਲਾਂਕਣ ਕਰਵਾਇਆ ਹੁੰਦਾ ਹੈ ਅਤੇ ਇਹ ਤੈਅ ਕੀਤਾ ਜਾਂਦਾ ਹੈ ਕਿ ਤੁਹਾਡੀਆਂ ਸਮੁੱਚੀਆਂ ਜ਼ਰੂਰਤਾਂ ਸਭ ਤੋਂ ਢੁਕਵੇਂ ਢੰਗ ਤੀਮਾਰਦਾਰੀ ਸਹਿਤ ਕੇਅਰ ਹੋਮ ਵਿੱਚ ਪੂਰੀਆਂ ਹੋਣਗੀਆਂ; ਅਤੇ
- ਤੁਸੀਂ ਉਸ ਕੇਅਰ ਹੋਮ ਅੰਦਰ ਰਹਿੰਦੇ ਹੋ ਜੋ ਤੀਮਾਰਦਾਰੀ ਦੇਖਭਾਲ ਮੁਹੱਈਆ ਕਰਨ ਲਈ ਰਜਿਸਟਰ ਹੈ।

## NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਮੁਲਾਂਕਣ

ਜੇਕਰ ਤੁਸੀਂ ਪਹਿਲਾਂ ਤੋਂ ਹੀ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਬਹੁ-ਵਿਸ਼ਿਆਂ ਵਾਲਾ ਮੁਕੰਮਲ ਮੁਲਾਂਕਣ ਕਰਵਾਇਆ ਹੈ ਤਾਂ ਤੁਹਾਨੂੰ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਵੱਖਰਾ ਮੁਲਾਂਕਣ ਕਰਵਾਉਣ ਦੀ ਹੋ ਸਕਦਾ ਹੈ ਕਿ ਲੋੜ ਹੀ ਨਾ ਪਏ, ਕਿਉਂਕਿ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਪ੍ਰਕਿਰਿਆ CCG ਨੂੰ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਦੀ ਲੋੜ ਬਾਰੇ ਫੈਸਲਾ ਕਰਨ ਲਈ ਲੋੜੀਂਦੀ ਜਾਣਕਾਰੀ ਦੇਵੇਗਾ।

ਜੇਕਰ ਜ਼ਰੂਰੀ ਹੋਵੇ, ਤਾਂ ਤੁਹਾਡਾ CCG  ਇਹ ਨਿਰਧਾਰਨ ਕਰਨ ਵਿੱਚ ਮਦਦ ਲਈ ਇੱਕ ਮੁਲਾਂਕਣ ਦਾ ਇੰਤਜਾਮ ਕਰਵਾ ਸਕਦਾ ਹੈ ਕਿ ਕੀ ਤੁਸੀਂ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਯੋਗਤਾ ਪੂਰੀ ਕਰਦੇ ਹੋ। ਫੈਸਲਾ ਤੀਮਾਰਦਾਰੀ ਜ਼ਰੂਰਤਾਂ ਦੇ ਮੁਲਾਂਕਣ ’ਤੇ ਅਧਾਰਤ ਹੋ ਸਕਦਾ ਹੈ ਜੋ ਤੁਹਾਡੀ ਰੋਜ਼ਾਨਾ ਦੇਖਭਾਲ  ਅਤੇ ਸਹਾਇਤਾ ਲੋੜਾਂ ਨੂੰ ਨਿਸ਼ਚਿਤ ਕਰਦਾ ਹੈ।  ਜਿਹੜੇ ਵਿਅਕਤੀਆਂ ਨੂੰ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਦੇ ਪੂਰੇ ਮੁਲਾਂਕਣ ਦੀ ਲੋੜ ਨਹੀਂ

ਹੁੰਦੀ, ਉਹ ਅਜੇ ਵੀ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਯੋਗਤਾ ਪੂਰੀ ਕਰ ਸਕਦੇ ਹਨ।

## NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਦਾ ਰੇਟ

2007 ਤੋਂ, NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਸਿੰਗਲ-ਬੈਂਡ ਰੇਟ ਉੱਤੇ ਆਧਾਰਤ ਰਹੀ ਹੈ। ਇਹ ਰੇਟ ਉੱਪਰ ਦੱਸੇ ਅਨੁਸਾਰ ਇੱਕ ਰਜਿਸਟਰ ਹੋਈ ਨਰਸ ਵੱਲੋਂ ਤੀਮਾਰਦਾਰੀ ਦੇਖਭਾਲ ਦੀ ਵਿਵਸਥਾ ਦੀ ਸਹਾਇਤਾ ਲਈ NHS ਵੱਲੋਂ ਮੁਹੱਈਆ ਕੀਤਾ ਜਾਂਦਾ ਯੋਗਦਾਨ ਹੈ। ਜੇਕਰ ਤੁਸੀਂ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਯੋਗਤਾ ਪੂਰੀ ਕਰਦੇ ਹੋ, ਤਾਂ ਤੁਹਾਡਾ CCG ਰਾਸ਼ਟਰੀ ਤੌਰ ’ਤੇ ਸਹਿਮਤੀ ਵਾਲੇ ਰੇਟ ’ਤੇ ਤੁਹਾਡੇ ਕੇਅਰ ਹੋਮ ਲਈ ਸਿੱਧਾ ਭੁਗਤਾਨ ਕਰਨ ਲਈ ਇੰਤਜਾਮ ਕਰੇਗਾ। ਕੇਅਰ ਹੋਮ ਦੀ ਫੀਸ ਦਾ ਬਕਾਇਆ ਤੁਹਾਡੇ ਵੱਲੋਂ, ਤੁਹਾਡੇ ਪ੍ਰਤੀਨਿਧੀ ਵੱਲੋਂ ਜਾਂ ਤੁਹਾਡੀ ਲੋਕਲ ਅਥਾਰਟੀ (ਜਾਂ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ) ਵੱਲੋਂ ਅਦਾ ਕੀਤਾ ਜਾਵੇਗਾ ਜਦੋਂ ਤੱਕ ਕਿਸੇ ਹੋਰ ਸਮਝੌਤੇ ਦੇ ਇੰਤਜਾਮ ਨਹੀਂ ਕੀਤੇ ਜਾਂਦੇ।

## NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਦੀਆਂ ਸਮੀਖਿਆਵਾਂ

NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਤੁਹਾਡੀ ਜ਼ਰੂਰਤ ਦੀਆਂ ਸਮੀਖਿਆਵਾਂ ਆਮ ਤੌਰ ’ਤੇ 3 ਮਹੀਨਿਆਂ ਬਾਅਦ, ਅਤੇ ਫੇਰ ਘੱਟੋ-ਘੱਟ ਸਲਾਨਾ ਤੌਰ ’ਤੇ ਕਰਵਾਈਆਂ ਜਾਣਗੀਆ। ਇਨ੍ਹਾਂ ਸਮੀਖਿਆਵਾਂ ’ਤੇ ਇਸ ਬਾਰੇ ਸੋਚ-ਵਿਚਾਰ ਕੀਤੀ ਜਾਵੇਗੀ ਕਿ ਕੀ ਤੁਹਾਡੀਆਂ ਜ਼ਰੂਰਤਾਂ ਇਸ ਹੱਦ ਤੱਕ ਬਦਲ ਗਈਆਂ ਹਨ ਕਿ ਤੁਸੀਂ ਜਾਂ ਤਾਂ ਹੁਣ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਲਈ ਯੋਗਤਾ ਪੂਰੀ ਨਹੀਂ ਕਰਦੇ ਜਾਂ ਇਹ ਕਿ ਤੁਸੀਂ ਹੁਣ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰ ਸਕਦੇ ਹੋ। ਇਹ ਫੈਸਲਾ ਕਰਨ ਲਈ ਕਿ ਕੀ ਤੁਸੀਂ ਹੁਣ NHS ਦੀ ਨਿਰੰਤਰ ਸਿਹਤ-ਸੰਭਾਲ ਲਈ ਯੋਗਤਾ ਪੂਰੀ ਕਰ ਸਕਦੇ ਹੋ, ਆਮ ਤੌਰ ’ਤੇ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਦੀ ਸਮੀਖਿਆ ’ਤੇ ਇੱਕ ਜਾਂਚ-ਸੂਚੀ ਪੂਰੀ ਕੀਤੀ ਜਾਵੇਗੀ। ਪਰ, ਜਿੱਥੇ ਇੱਕ ਜਾਂਚ-ਸੂਚੀ ਅਤੇ/ਜਾਂ ਫੈਸਲਾ ਲੈਣ ਲਈ ਸਹਾਇਤਾ ਸਾਧਨ ਨੂੰ ਪਹਿਲਾਂ ਹੀ ਪੂਰਾ ਕੀਤਾ ਜਾ ਚੁੱਕਾ ਹੈ ਅਤੇ ਇਹ ਸਪਸ਼ਟ ਹੈ ਕਿ ਤੁਹਾਡੀਆਂ ਜ਼ਰੂਰਤਾਂ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਆਈ ਹੈ ਤਾਂ ਫੇਰ ਉੱਥੇ ਜਾਂਚ-ਸੂਚੀ ਜਾਂ ਫੈਸਲੇ ਲਈ ਸਹਾਇਤਾ ਸਾਧਨ ਨੂੰ ਦੁਹਰਾਇਆ ਨਹੀਂ ਜਾਵੇਗਾ।

## NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਦੇ ਫੈਸਲੇ ਤੋਂ ਅਸੰਤੁਸ਼ਟੀ

ਜੇਕਰ ਤੁਸੀਂ NHS ਦੇ ਫੰਡ ਵਾਲੀ ਤੀਮਾਰਦਾਰੀ ਦੇਖਭਾਲ ਸਬੰਧੀ ਫੈਸਲੇ ਤੋਂ ਨਾਖੁਸ਼ ਨਹੀਂ ਹੋ, ਤਾਂ ਤੁਸੀਂ CCG ਨੂੰ ਫੈਸਲੇ ਦੀ ਸਮੀਖਿਆ ਕਰਨ ਲਈ ਅਤੇ/ਜਾਂ CCG ਦੀ ਸ਼ਿਕਾਇਤਾਂ ਦੀ ਪ੍ਰਕਿਰਿਆ ਦੀ ਵਰਤੋਂ ਕਰਨ ਲਈ ਕਹਿ ਸਕਦੇ ਹੋ।